# ਖੇਤੀ ਸੰਦੇਸ਼

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦਾ ਡਿਜੀਟਲ ਅਖ਼ਬਾਰ

03 ਦਸੰਬਰ, 2025
ਅੰਕ: 431

ਸੰਪਾਦਕ: ਡਾ ਕੁਲਵਿੰਦਰ ਕੌਰ ਗਿੱਲ
ਸਹਿ ਸੰਪਾਦਕ: ਡਾ ਗੁਰਪ੍ਰੀਤ ਸਿੰਘ ਮੱਕੜ




## ਕਣਕ ਵਿੱਚ ਪਹਿਲੇ ਪਾਣੀ ਤੋਂ ਬਾਅਦ ਉੱਗਣ ਵਾਲੇ ਨਦੀਨਾਂ ਦੀ ਰੋਕਥਾਮ

ਕਣਕ ਸਾਡੇ ਖਿੱਤੇ ਦੀ ਮੁੱਖ ਫ਼ਸਲ ਹੈ। ਕਣਕ ਦੀ ਘੱਟ ਪੈਦਾਵਾਰ ਕਈ ਕਾਰਨਾਂ ਤੇ ਨਿਰਭਰ ਕਰਦੀ ਹੈ ਪ੍ਰੰਤੂ ਸਭ ਤੋਂ ਗੰਭੀਰ ਕਾਰਨ ਹੈ, ਕਣਕ ਵਿੱਚ ਨਦੀਨਾਂ ਦਾ ਉੱਗ ਜਾਣਾ। ਆਮਤੌਰ ਤੇ ਨਦੀਨ, ਕਣਕ ਦਾ 15-30 ਪ੍ਰਤੀਸ਼ਤ ਝਾੜ ਘਟਾਉਂਦੇ ਹਨ, ਜੋ ਕਿ ਨਦੀਨਾਂ ਦੀ ਗਿਣਤੀ ਅਤੇ ਨਦੀਨਾਂ ਦੀ ਕਿਸਮ ਤੇ ਨਿਰਭਰ ਕਰਦਾ ਹੈ। ਨਦੀਨ, ਕਣਕ ਦੇ ਝਾੜ ਦੇ ਨਾਲ-ਨਾਲ ਦਾਣੇ ਦੀ ਗੁਣਵੱਤਾ ਅਤੇ ਮੰਡੀਕਰਨ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਲੇਖ ਰਾਹੀਂ ਅਸੀਂ ਕਣਕ ਵਿੱਚ ਨਦੀਨਾਂ ਦੀ ਰੋਕਥਾਮ ਲਈ ਕੁਝ ਨੁਕਤੇ ਸਾਂਝੇ ਕਰ ਰਹੇ ਹਾਂ।

**ਪਹਿਲੇ ਪਾਣੀ ਤੋਂ ਬਾਅਦ ਵਰਤੇ ਜਾਣ ਵਾਲੇ ਨਦੀਨਨਾਸ਼ਕ**: ਦਸੰਬਰ ਮਹੀਨੇ ਦੌਰਾਨ ਕਣਕ ਦੀ ਫ਼ਸਲ ਨੂੰ ਪਹਿਲਾ ਪਾਣੀ ਲੱਗਦਾ ਹੈ। ਕਈ ਖੇਤਾਂ ਵਿੱਚ ਨਦੀਨ ਪਹਿਲੇ ਪਾਣੀ ਤੋਂ ਤੁਰੰਤ ਬਾਅਦ ਉੱਗ ਪੈਂਦੇ ਹਨ। ਉਸ ਸਮੇਂ ਨਦੀਨ ਦੀ ਕਿਸਮ ਅਤੇ ਨਦੀਨ ਦੀ ਅਵਸੱਥਾ (ਜਦੋਂ ਨਦੀਨ 3-5 ਪੱਤਿਆਂ ਤੇ ਹੋਣ) ਦੇ ਅਨੁਸਾਰ ਨਦੀਨਨਾਸ਼ਕ ਦਾ ਛਿੜਕਾਅ ਕਰੋ। ਜਿਹੜੇ ਨਦੀਨਨਾਸ਼ਕਾਂ ਨੇ ਪਿਛਲੇ ਸਾਲਾਂ ਵਿੱਚ ਚੰਗੇ ਨਤੀਜੇ ਨਾ ਦਿੱਤੇ ਹੋਣ, ਉਹਨਾਂ ਨਦੀਨਨਾਸ਼ਕਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹਰ ਸਾਲ ਵੱਖ-ਵੱਖ ਗਰੁੱਪਾਂ ਦੇ ਨਦੀਨਨਾਸ਼ਕ ਅਦਲ-ਬਦਲ ਕੇ ਵਰਤੇ ਜਾਣੇ ਚਾਹੀਦੇ ਹਨ, ਤਾਂਕਿ ਨਦੀਨਾਂ ਵਿੱਚ ਨਦੀਨਨਾਸ਼ਕ ਪ੍ਰਤੀ ਰੋਧਣ ਸ਼ਕਤੀ ਪੈਦਾ ਨਾ ਹੋ ਸਕੇ।

**ਨਦੀਨਨਾਸ਼ਕਾਂ ਦੀ ਵਰਤੋਂ ਸਬੰਧੀ ਕੁਝ ਜਰੂਰੀ ਨੁਕਤੇ:**

- ਜੇਕਰ ਕਣਕ ਦੇ ਨਾਲ ਸਰੋਂ/ਰਾਇਆ/ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫ਼ਸਲ ਰਲਾ ਕੇ ਬੀਜੀ ਹੋਵੇ ਤਾਂ ਉੱਥੇ ਸਿਰਫ ਟੌਪਿਕ ਹੀ ਵਰਤੋਂ।
- ਜਿੱਥੇ ਕਣਕ ਤੋਂ ਬਾਅਦ ਜਵਾਰ/ਮੱਕੀ ਬੀਜਣੀ ਹੋਵੇ ਉੱਥੇ ਲੀਡਰ/ਟੋਟਲ/ਮਾਰਕਪਾਵਰ ਦੀ ਵਰਤੋਂ ਨਾ ਕਰੋ।
- ਹਲਕੀਆਂ ਜ਼ਮੀਨਾਂ ਅਤੇ ਜਿੱਥੇ ਪੀ ਬੀ ਡਬਲਯੂ ਆਰ ਐਸ 1 ਅਤੇ ਉੱਨਤ ਪੀ ਬੀ ਡਬਲਯੂ 550 ਬੀਜੀ ਹੋਵੇ, ਉੱਥੇ ਸ਼ਗੁਨ 21-11/ ਏ ਸੀ ਐਮ-9 /ਐਮੇਕ ਦੀ ਵਰਤੋਂ ਨਾ ਕਰੋ। ਕਣਕ ਉੱਪਰ ਇਹਨਾਂ ਨਦੀਨਨਾਸ਼ਕਾਂ ਦਾ ਮਾੜਾ ਅਸਰ ਹੁੰਦਾ ਹੈ।
- ਪਹਿਲੇ ਪਾਣੀ ਤੋਂ ਬਾਅਦ ਨਦੀਨਨਾਸ਼ਕ ਦੀ ਸਪਰੇਅ ਲਈ ਫਲੈਟ ਫੈਨ (ਟੱਕ) ਵਾਲੀ ਨੋਜ਼ਲ ਦੀ ਵਰਤੋਂ ਕਰੋ।

- ਨਦੀਨਨਾਸ਼ਕਾਂ ਦਾ ਛਿੜਕਾਅ ਤਰੇਲ ਉਤਰਨ ਤੋਂ ਬਾਅਦ ਚੰਗੀ ਧੁੱਪ ਵਾਲੇ ਦਿਨ ਸਾਫ਼ ਮੌਸਮ ਵਿੱਚ ਕਰਨਾ ਚਾਹੀਦਾ ਹੈ।
- ਨਦੀਨਨਾਸ਼ਕ ਦੀ ਵਰਤੋਂ ਹਮੇਸ਼ਾ ਵੱਤਰ ਖੇਤ (ਚੰਗੀ ਸਲ੍ਹਾਬ) ਵਿੱਚ ਕਰੋ। ਨਦੀਨਨਾਸ਼ਕਾਂ ਤੋਂ ਪੂਰਾ ਫਾਇਦਾ ਲੈਣ ਲਈ ਪਹਿਲਾ ਅਤੇ ਦੂਜਾ ਪਾਣੀ ਹਲਕਾ ਲਾਉਣਾ ਚਾਹੀਦਾ ਹੈ।
- ਕਦੇ ਵੀ ਆਪਣੇ ਤੌਰ ਤੇ ਦੋ ਜਾਂ ਜ਼ਿਆਦਾ ਨਦੀਨਨਾਸ਼ਕ ਰਲਾ ਕੇ ਨਾ ਵਰਤੋਂ ।

**ਸਾਰਣੀ 1: ਕਣਕ ਵਿੱਚ ਪਹਿਲੇ ਪਾਣੀ ਤੋਂ ਬਾਅਦ ਨਦੀਨਾਂ ਦੀ ਰੋਕਥਾਮ ਲਈ ਸਿਫ਼ਾਰਸ਼ ਨਦੀਨਨਾਸ਼ਕ:**

| ਸ਼੍ਰੇਣੀ ਨੰ. | ਨਦੀਨਨਾਸ਼ਕ | ਮਾਤਰਾ ਪ੍ਰਤੀ ਏਕੜ | ਨਦੀਨਾਂ ਦੀ ਰੋਕਥਾਮ | ਛਿੜਕਾਅ ਦਾ ਸਮਾਂ ਅਤੇ ਪਾਣੀ ਦੀ ਮਾਤਰਾ |
|---|---|---|---|---|
| 1 | ਟੋਪਿਕ 15 ਡਬਲਯੂ ਪੀ (ਕਲੋਡੀਨਾਫਾਪ) | 160 ਗ੍ਰਾਮ | ਗੁੱਲੀ ਡੰਡਾ, ਜੰਗਲੀ ਜਵੀਂ | ਬਿਜਾਈ ਤੋਂ 30-35 ਦਿਨਾਂ ਅੰਦਰ 150 ਲਿਟਰ ਪਾਣੀ ਵਿੱਚ ਘੋਲ ਕੇ ਵਰਤੋ |
| | ਐਕਸੀਅਲ 5 ਈ ਸੀ (ਪਿਨੋਕਸਾਡਿਨ) | 400 ਮਿਲੀਲਿਟਰ | | |
| 2 | ਲੀਡਰ/ਮਾਰਕਸਲਫੋ 75 ਡਬਲਯੂ ਜੀ (ਸਲਫੋਸਲਫੂਰਾਨ) | 13 ਗ੍ਰਾਮ | | |
| | ਟੋਟਲ/ਮਾਰਕਪਾਵਰ 75 ਡਬਲਯੂ ਡੀ ਜੀ (ਸਲਫੋਸਲਫੂਰਾਨ + ਮੈਟਸਲਫੂਰਾਨ) | 16 ਗ੍ਰਾਮ | ਗੁੱਲੀ ਡੰਡਾ, ਜੰਗਲੀ ਜਵੀਂ, ਚੌੜੇ ਪੱਤਿਆਂ ਵਾਲੇ ਨਦੀਨ | |
| | ਐਟਲਾਂਟਿਸ 3.6 ਡਬਲਯੂ ਡੀ ਜੀ (ਮਿਜ਼ੋਸਲਫੂਰਾਨ + ਆਇਡੋਸਲਫੂਰਾਨ) | 160 ਗ੍ਰਾਮ | | |
| 3 | ਸ਼ਗੁਨ 21-11 (ਮੈਟਰੀਬਿਊਜ਼ਿਨ + ਕਲੋਡੀਨਾਫਾਪ) | 200 ਗ੍ਰਾਮ | ਗੁੱਲੀ ਡੰਡਾ, ਬੂੰਈ, ਜੰਗਲੀ ਜਵੀਂ, ਚੌੜੇ ਪੱਤਿਆਂ ਵਾਲੇ ਨਦੀਨ | |
| | ਏ ਸੀ ਐਮ-9/ਐਮੇਕ (ਮੈਟਰੀਬਿਊਜ਼ਿਨ + ਕਲੋਡੀਨਾਫਾਪ) | 240 ਗ੍ਰਾਮ | | |
| 4 | 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ<br>ਜਾਂ<br>2,4-ਡੀ ਈਥਾਈਲ ਐਸਟਰ 38 ਈ ਸੀ | 250 ਗ੍ਰਾਮ<br><br>250 ਮਿ.ਲੀਲਿਟਰ | ਚੌੜੇ ਪੱਤੇ ਵਾਲੇ ਨਦੀਨ ਜਿਵੇਂਕਿ ਬਾਥੂ, ਬਿੱਲੀ ਬੂਟੀ, ਜੰਗਲੀ ਹਾਲੋਂ, ਪਿਤਪਾਪਰਾ, ਜੰਗਲੀ ਸੇਂਜੀ, ਮੈਣਾ, ਮੈਣੀ, ਜੰਗਲੀ ਪਾਲਕ | ਸਮੇਂ ਸਿਰ ਬੀਜੀ ਕਣਕ ਵਿੱਚ 35-45 ਦਿਨਾਂ ਵਿੱਚ ਅਤੇ ਦਸੰਬਰ ਵਿੱਚ ਬੀਜੀ ਫ਼ਸਲ ਲਈ 45-55 ਦਿਨਾਂ ਵਿੱਚ 150 ਲਿਟਰ ਪਾਣੀ ਵਿੱਚ ਘੋਲ ਕੇ ਵਰਤੋ |
| 5 | ਐਲਗਰਿਪ/ ਮਾਰਕਗਰਿਪ 20 ਡਬਲਯੂ ਪੀ (ਮੈਟਸਲਫੂਰਾਨ) | 10 ਗ੍ਰਾਮ | ਜੇਕਰ ਚੌੜੇ ਪੱਤੇ ਵਾਲੇ ਨਦੀਨਾਂ ਵਿੱਚ ਖਾਸ ਤੌਰ ਤੇ ਕੰਡਿਆਲੀ ਪਾਲਕ ਹੋਵੇ | ਬਿਜਾਈ ਤੋਂ 30-35 ਦਿਨਾਂ ਵਿੱਚ 150 ਲਿਟਰ ਪਾਣੀ ਵਿੱਚ ਘੋਲ ਕੇ ਵਰਤੋ |
| 6 | ਏਮ/ਅਫਿਨਟੀ 40 ਡੀ ਐਫ (ਕਾਰਫੈਨਟਰਾਜ਼ੋਨ ਈਥਾਈਲ) | 20 ਗ੍ਰਾਮ | ਜੇਕਰ ਚੌੜੇ ਪੱਤੇ ਵਾਲੇ ਨਦੀਨਾਂ ਵਿੱਚ ਖਾਸ ਤੌਰ ਤੇ ਬਟਨ ਬੂਟੀ ਹੋਵੇ | ਬਿਜਾਈ ਤੋਂ 25-30 ਦਿਨਾਂ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਵਰਤੋ |

ਅਮਨਦੀਪ ਕੌਰ ਅਤੇ ਮਨਪ੍ਰੀਤ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ
ਮੋਬਾਇਲ:94646-59995

# ਕਣਕ ਵਿੱਚ ਪੀਲੇਪਣ ਦੀ ਸਮੱਸਿਆ ਤੋਂ ਬਚਾਅ

ਖੇਤਾਂ ਵਿੱਚ ਝੋਨੇ ਦੇ ਸਮੇਂ ਲਗਾਤਾਰ ਕੱਦੂ ਕਰਨ ਕਾਰਨ ਮਿੱਟੀ ਵਿੱਚ ਹਾਰਡ ਪੈਨ (ਹੇਠਲੀ ਜ਼ਮੀਨ ਦਾ ਸਖਤ ਹੋਣਾ) ਬਣ ਜਾਂਦੀ ਹੈ। ਇਹਨਾਂ ਖੇਤਾਂ ਵਿੱਚ ਬੀਜੀ ਕਣਕ ਦੀਆਂ ਜੜ੍ਹਾਂ ਦਾ ਵਾਧਾ ਰੁਕ ਜਾਂਦਾ ਹੈ, ਮਿੱਟੀ ਵਿੱਚ ਹਵਾ ਨਹੀਂ ਪਹੁੰਚਦੀ ਅਤੇ ਖੁਰਾਕੀ ਤੱਤਾਂ ਦੀ ਖਪਤ ਘੱਟ ਹੋ ਜਾਂਦੀ ਹੈ। ਇਸ ਕਾਰਨ ਕਣਕ ਦੇ ਪੱਤੇ ਪੀਲੇ ਪੈਣ ਲੱਗਦੇ ਹਨ। ਕਣਕ ਦੇ ਪੀਲੇ ਪੈਣ ਦਾ ਕਾਰਨ ਜੇਕਰ ਕੱਦੂ ਕਾਰਨ ਜ਼ਮੀਨ ਦੀ ਹੇਠਲੀ ਤਹਿ ਦੇ ਸਖਤ ਹੋਣ ਕਾਰਨ ਹੋਵੇ ਤਾਂ ਕਣਕ ਬੀਜਣ ਤੋਂ ਪਹਿਲਾਂ ਚੀਜ਼ਲ ਹਲ ਜਾਂ ਸਬਸੋਇਲਰ ਜਾਂ ਤਹਿ ਤੋੜ ਨਾਲ ਜ਼ਮੀਨ ਹੇਠਲੀ ਤਹਿ ਤੋੜ ਦੇਣੀ ਚਾਹੀਦੀ ਹੈ। ਇਸ ਨਾਲ ਜ਼ਮੀਨ ਦੀ ਪਾਣੀ ਜੀਰਨ ਦੀ ਸ਼ਮਤਾ ਵੱਧਦੀ ਹੈ ਅਤੇ ਕਣਕ ਦੀ ਜੜ੍ਹ ਦੇ ਵਾਧੇ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ ਜਿਸ ਨਾਲ ਕਣਕ ਵਿੱਚ ਪੀਲੇਪਣ ਦੀ ਸਮੱਸਿਆ ਦਾ ਰੋਕਥਾਮ ਕੀਤਾ ਜਾ ਸਕਦਾ ਹੈ। ਕਣਕ ਦੀ ਬਿਜਾਈ ਪਹਿਲਾਂ ਜਦੋਂ ਵੱਡੀ ਮਾਤਰਾ ਵਿੱਚ ਪਰਾਲੀ ਨੂੰ ਖੇਤ ਵਿੱਚ ਮਿਲਾ ਦਿੱਤਾ ਜਾਂਦਾ ਹੈ ਤਾਂ ਪਰਾਲੀ ਦੇ ਗਲਣ-ਸੜਨ ਦੌਰਾਨ ਇਹ ਅਸਥਾਈ ਤੌਰ 'ਤੇ ਨਾਈਟ੍ਰੋਜਨ ਬੰਨ੍ਹ ਲੈਂਦੀ ਹੈ, ਜਿਸ ਕਰਕੇ ਨਵੀਂ ਕਣਕ ਲਈ ਇਹ ਤੱਤ ਉਪਲਬਧ ਨਹੀਂ ਹੁੰਦਾ। ਜੇਕਰ ਕਣਕ ਦੀ ਬਿਜਾਈ ਵੇਲੇ ਪਰਾਲੀ ਜ਼ਮੀਨ ਵਿੱਚ ਵਹਾਈ ਹੋਵੇ ਤਾਂ ਕਣਕ ਵਿੱਚ ਨਾਇਟਰੋਜਨ ਦੀ ਘਾਟ ਆਉਣ ਤੋਂ ਬਚਾਉਣ ਲਈ 15-20 ਕਿਲੋ ਵੱਧ ਯੂਰੀਆ ਖਾਦ ਪ੍ਰਤੀ ਏਕੜ ਬੀਜਣ ਸਮੇਂ ਜਾਂ ਜੰਮ ਤੋਂ ਬਾਅਦ ਜ਼ਮੀਨ ਵਿੱਚ ਛੱਟੇ ਨਾਲ ਪਾ ਦੇਣੀ ਚਾਹੀਦੀ ਹੈ। ਦਸੰਬਰ ਅਤੇ ਜਨਵਰੀ ਦੀ ਠੰਡੀ ਰੁੱਤ ਕਾਰਨ ਵੀ ਕਈ ਵਾਰ ਬੂਟਿਆਂ ਦੇ ਪੱਤੇ ਅਸਥਾਈ ਤੌਰ 'ਤੇ ਹਲਕੇ ਪੀਲੇ ਹੋ ਜਾਂਦੇ ਹਨ, ਪਰ ਧੁੱਪ ਵਾਲੇ ਦਿਨ ਆਉਣ 'ਤੇ ਇਹ ਆਮ ਤੌਰ 'ਤੇ ਮੁੜ ਹਰੇ ਹੋ ਜਾਂਦੇ ਹਨ।

ਪਾਣੀ, ਪੋਸ਼ਕ ਤੱਤ ਅਤੇ ਮਿੱਟੀ ਦਾ ਸੰਯੁਕਤ ਪ੍ਰਬੰਧਨ ਹੀ ਕਣਕ ਦੇ ਪੀਲਾਪਣ ਨੂੰ ਰੋਕਣ ਲਈ ਜ਼ਰੂਰੀ ਹੈ। ਕਣਕ ਨੂੰ ਪਹਿਲਾ ਪਾਣੀ ਹਲਕਾ ਲਾਉਣਾ ਚਾਹੀਦਾ ਹੈ। ਜੇਕਰ ਕਣਕ ਦੀ ਬਿਜਾਈ ਅਕਤੂਬਰ ਵਿੱਚ ਕੀਤੀ ਹੋਵੇ ਤਾਂ ਪਹਿਲਾ ਪਾਣੀ ਤਿੰਨ ਹਫ਼ਤੇ ਬਾਅਦ ਅਤੇ ਅਕਤੂਬਰ ਤੋਂ ਬਾਅਦ ਦੀ ਬਿਜਾਈ ਨੂੰ ਚਾਰ ਹਫ਼ਤੇ ਬਾਅਦ ਲਾਉ। ਭਾਰੀ ਜ਼ਮੀਨ ਵਿੱਚ ਵੱਧ ਪਾਣੀ ਲੱਗ ਜਾਣ ਕਾਰਨ ਜ਼ਮੀਨ ਵਿੱਚ ਆਕਸੀਜਨ ਦੀ ਘਾਟ ਆ ਜਾਂਦੀ ਹੈ, ਜਿਸ ਨਾਲ ਕਣਕ ਪੀਲੀ ਪੈ ਸਕਦੀ ਹੈ। ਕਿਸਾਨ ਵੀਰਾਂ ਨੂੰ ਜ਼ਮੀਨ ਦੇ ਹਿਸਾਬ ਨਾਲ ਪਾਣੀ ਲਾਉਣਾ ਚਾਹੀਦਾ ਹੈ ਅਤੇ ਖੇਤ ਦੀ ਉਪਜਾਊ ਸ਼ਕਤੀ ਦੇ ਹਿਸਾਬ ਨਾਲ ਥੋੜ੍ਹੀ ਯੂਰੀਆ ਛਿੜਕਣ ਨਾਲ ਕਣਕ ਦੇ ਪੀਲੇਪਣ ਨੂੰ ਠੀਕ ਕੀਤਾ ਜਾ ਸਕਦਾ ਹੈ।

ਮੈਂਗਨੀਜ਼ ਦੀ ਘਾਟ ਨੂੰ ਪੂਰਾ ਕਰਨ ਲਈ 0.5% ਦਾ ਮੈਂਗਨੀਜ਼ ਘੋਲ (1 ਕਿਲੋ ਮੈਂਗਨੀਜ਼ ਸਲਫੇਟ 200 ਲੀਟਰ ਪਾਣੀ ਵਿੱਚ) ਤਿਆਰ ਕਰਕੇ ਇੱਕ ਏਕੜ ਵਿੱਚ ਛਿੜਕਾਅ ਕਰਨਾ ਚਾਹੀਦਾ ਹੈ। ਪਹਿਲਾ ਛਿੜਕਾਅ ਪਹਿਲੀ ਸਿੰਚਾਈ ਤੋਂ 2-4 ਦਿਨ ਪਹਿਲਾਂ ਅਤੇ ਫਿਰ ਹਫ਼ਤੇ-ਹਫ਼ਤੇ ਦੇ ਵਕਫੇ ਤੇ ਤਿੰਨ ਛਿੜਕਾਅ ਕਰਨੇ ਚਾਹੀਦੇ ਹਨ। ਧੁੱਪ ਵਾਲੇ ਦਿਨ ਛਿੜਕਾਅ ਕਰਨਾ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ।ਜ਼ਿੰਕ ਦੀ ਘਾਟ ਨੂੰ 0.5% ਜ਼ਿੰਕ (1 ਕਿਲੋ ਜ਼ਿੰਕ ਸਲਫੇਟ 21% + 0.5 ਕਿਲੋ ਅਣਬੁਝਿਆ ਚੂਨਾ 200 ਲੀਟਰ ਪਾਣੀ ਵਿੱਚ) ਦੇ ਛਿੜਕਾਅ ਨਾਲ ਠੀਕ ਕੀਤਾ ਜਾ ਸਕਦਾ ਹੈ। ਗੰਧਕ ਦੀ ਘਾਟ 100 ਕਿਲੋ ਜਿਪਸਮ ਪ੍ਰਤੀ ਏਕੜ ਪਾਉਣ ਨਾਲ ਪੂਰੀ ਕੀਤੀ ਜਾ ਸਕਦੀ ਹੈ।

ਜਿਨ੍ਹਾਂ ਇਲਾਕਿਆਂ ਵਿੱਚ ਪੀਲੀ ਕੁੰਗੀ ਦਾ ਹਮਲਾ ਜ਼ਿਆਦਾ ਵੇਖਣ ਵਿੱਚ ਆਉਂਦਾ ਹੈ ਜਿਵੇਂ ਕਿ ਨੀਮ ਪਹਾੜੀ ਇਲਾਕੇ ਤਾਂ ਉਥੇ ਕਿਸਾਨ ਵੀਰ ਪੀਲੀ ਕੁੰਗੀ ਤੋਂ ਬਚਾਅ ਲਈ ਕਣਕ ਦੀਆਂ ਰੋਗ ਰਹਿਤ ਕਿਸਮਾਂ ਹੀ ਬੀਜਣ ਜਿਵੇਂ ਕਿ ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 291, ਪੀ ਬੀ ਡਬਲਯੂ 660, ਪੀ ਬੀ ਡਬਲਯੂ ਬਿਸਕੁਟ 1 ਅਤੇ ਪੀ ਬੀ ਡਬਲਯੂ 725। ਕਿਸਾਨ ਇਹਨਾਂ ਇਲਾਕਿਆਂ ਵਿੱਚ ਕਣਕ ਦੀ ਬਿਜਾਈ ਅਕਤੂਬਰ ਮਹੀਨੇ ਵਿੱਚ ਕਰਨ ਤੋਂ ਗੁਰੇਜ ਕਰਨ। ਪੀਲੇ ਕੁੰਗੀ ਤੋਂ ਬਚਾਅ ਲਈ ਖੇਤਾਂ ਦੀ ਨਿਯਮਤ ਜਾਂਚ ਕਰਨੀ ਚਾਹੀਦੀ ਹੈ।ਬਿਮਾਰੀ ਨਜ਼ਰ ਆਉਣ ਤੇ 120 ਗ੍ਰਾਮ ਨਟੀਵੋ 21.74 ਡਬਲਯੂ, ਜਾਂ 300 ਗ੍ਰਾਮ ਤਾਕਤ ਜਾਂ 200 ਗ੍ਰਾਮ ਕੈਵਿਟ 25 ਡਬਲਯੂ ਜਾਂ 200 ਮਿਲੀਲਿਟਰ ਕਸਟੋਡੀਆ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਓ।


ਮੈਂਗਨੀਜ਼ ਦੀ ਘਾਟ


ਗੰਧਕ ਦੀ ਘਾਟ


ਜ਼ਿੰਕ ਦੀ ਘਾਟ


ਨਾਈਟਰੋਜ਼ਨ ਦੀ ਘਾਟ

ਗਗਨਦੀਪ ਧਵਨ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ
ਮੋਬਾਇਲ: 70098-69607

# ਕਣਕ ਦੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ



ਸਿਉਂਕ ਦਾ ਹਮਲਾ

ਕਣਕ ਹਾੜੀ ਦੀ ਮੁੱਖ ਫਸਲਾਂ ਹੈ। ਇਸ ਫ਼ਸਲ ਉੱਤੇ ਆਉਣ ਵਾਲੇ ਕੀੜਿਆ ਕਾਰਨ ਨੁਕਸਾਨ ਕਾਫੀ ਜਿਆਦਾ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਸਮੇਂ ਸਿਰ ਰੋਕਥਾਮ ਬਹੁਤ ਜ਼ਰੂਰੀ ਹੈ।

**ਸਿਉਂਕ**: ਸਿਉਂਕ ਫ਼ਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ। ਇਹ ਕੀੜਾ ਆਮ ਤੌਰ ਤੇ ਹਮਲੇ ਵਾਲੇ ਬੂਟਿਆਂ ਦੀਆਂ ਜੜ੍ਹਾਂ ਵਿੱਚ ਛੇਕ ਕਰ ਦਿੰਦੇ ਹਨ, ਜਿਸ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਸੌਖੇ ਹੀ ਪੁੱਟੇ ਜਾ ਸਕਦੇ ਹਨ। ਦਰਮਿਆਨੀ .ਫਸਲ ਤੇ ਖਾਸਕਰ ਛੋਟੇ ਪੌਦਿਆਂ ਤੇ ਹਮਲਾ ਕਰਦੇ ਹਨ ਅਤੇ ਸੋਕੇ ਦੇ ਸਮੇਂ ਦੌਰਾਨ ਇਹ ਹਮਲਾ ਖੜ੍ਹੀ ਫਸਲ ਤੇ ਵੀ ਜਾਰੀ ਰਹਿ ਸਕਦਾ ਹੈ। ਸਿਉਂਕ ਨੂੰ ਆਮ ਤੌਰ ਤੇ ਪ੍ਰਭਾਵਿਤ ਬੂਟਿਆਂ ਦੀਆਂ ਜੜ੍ਹਾਂ ਦੇ ਆਲੇ ਦੁਆਲੇ ਦੇਖਿਆ ਜਾਂਦਾ ਹੈ। ਇਸ ਦਾ ਹਮਲਾ ਹਲਕੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ।

**ਰੋਕਥਾਮ**: ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ/ਰੂਬਾਨ/ਡਰਮਟ 20 ਈ ਸੀ (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ। ਕੀਟਨਾਸ਼ਕ ਨਾਲ ਸੋਧੇ ਹੋਏ ਬੀਜ ਦਾ ਉੱਗਣ ਸਮੇਂ ਪੰਛੀ ਘੱਟ ਨੁਕਸਾਨ ਕਰਦੇ ਹਨ।

ਆਮ ਤੌਰ ਤੇ ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਦਾਂ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਜਾਂ 1.2 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋ ਪਹਿਲਾ ਛੱਟਾ ਦੇਵੋ।



ਕਣਕ ਤੇ ਚੇਪੇ ਦਾ ਹਮਲਾ

**ਚੇਪਾ** : ਚੇਪੇ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਸੁੱਕ ਜਾਂਦੇ ਹਨ ।

**ਰੋਕਥਾਮ**: ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ ਜੀ (ਥਾਇਆਮੈਥੋਕਸਮ) ਦਾ ਇਕ ਛਿੜਕਾਅ, 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਚੇਪੇ ਦੀ ਰੋਕਥਾਮ ਸਿੱਟੇ ਪੈਣ ਵੇਲੇ ਕਰੋ। ਕਿਉਂਕਿ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਤੇ ਹੁੰਦਾ ਹੈ। ਇਸ ਲਈ ਛਿੜਕਾਅ ਸਿਰਫ਼ ਅਜਿਹੇ ਹਮਲੇ ਵਾਲੇ ਹਿੱਸੇ ਤੇ ਹੀ ਕਰੋ ਤਾਂ ਕਿ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ।

**ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ**: ਚਾਰ ਕਿਲੋ ਨਿੰਮ ਦੀਆਂ ਕਰੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ।

**ਤਣੇ ਦੀ ਗੁਲਾਬੀ ਸੁੰਡੀ**: ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖੀਰ ਵਿੱਚ ਮਰ ਜਾਂਦੇ ਹਨ।

**ਰੋਕਥਾਮ**: ਜੇਕਰ ਪਿਛਲੀ ਝੋਨੇ ਦੀ ਫਸਲ ਉਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਕਤੂਬਰ ਵਿੱਚ ਬਿਜਾਈ ਨਾ ਕਰੋ। ਦਿਨ ਸਮੇ ਪਾਣੀ ਲਗਾਉਣ ਨੂੰ ਤਰਜ਼ੀਹ ਦੇਵੋ ਤਾਂਕਿ ਪੰਛੀ ਵੱਧ ਤੋ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ। ਜੇਕਰ ਹਮਲਾ ਜਿਆਦਾ ਹੋਵੇ ਤਾਂ 7 ਕਿਲੋ ਮੋਰਟੈਲ/ ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋ ਪਹਿਲਾਂ ਛੱਟਾ ਦੇਵੋ। ਇਸ ਦੇ ਬਦਲ ਵਿੱਚ 50 ਮਿਲੀਲਿਟਰ ਪ੍ਰਤੀ ਏਕੜ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

ਗੁਰਪ੍ਰੀਤ ਸਿੰਘ ਮੱਕੜ ਅਤੇ ਰਾਕੇਸ਼ ਕੁਮਾਰ ਸ਼ਰਮਾ, ਡਾਇਰੈਕਟੋਰੇਟ ਪਸਾਰ ਸਿੱਖਿਆ
ਮੋਬਾਇਲ: 98728-82111

# ਸਰਦ ਰੁੱਤ ਵਿੱਚ ਸਬਜ਼ੀਆਂ ਨੂੰ ਠੰਡ ਅਤੇ ਕੋਰੇ ਤੋਂ ਬਚਾਉਣ ਲਈ ਨੁਕਤੇ

ਸਰਦੀ ਰੁੱਤ ਦੀਆਂ ਸਬਜ਼ੀਆਂ ਜਿਵੇਂ ਕਿ ਫੁੱਲ ਗੋਭੀ, ਬੰਦ ਗੋਭੀ, ਪਿਆਜ ਅਤੇ ਲੱਸਣ ਅਕਤੂਬਰ ਨਵੰਬਰ ਵਿੱਚ ਬੀਜੇ ਜਾਣ ਦੇ ਬਾਵਜੂਦ ਵੀ ਕੋਰੇ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਹੁੰਦੀਆਂ। ਜਦਕਿ ਆਲੂ ਅਤੇ ਗਰਮੀ ਰੁੱਤ ਦੀਆਂ ਸਬਜ਼ੀਆਂ ਜਿਵੇਂ ਕਿ ਖੀਰਾ, ਮਿਰਚ, ਟਮਾਟਰ ਅਤੇ ਬੈਂਗਣ ਕੋਰੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਕਈ ਤਕਨੀਕਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਕੁੱਝ ਦਾ ਜ਼ਿਕਰ ਹੇਠਾਂ ਕੀਤਾ ਗਿਆ ਹੈ।

ਪਲਾਸਟਿਕ ਮਲਚ ਦੇ ਫ਼ਸਲਾਂ ਦੇ ਉਤਪਾਦਨ ’ਤੇ ਕਈ ਤਰ੍ਹਾਂ ਦੇ ਲਾਭਕਾਰੀ ਪ੍ਰਭਾਵ ਹੁੰਦੇ ਹਨ, ਜਿਸ ਵਿੱਚ ਕੋਰੇ ਤੋਂ ਸੁਰੱਖਿਆ, ਮਿੱਟੀ ਦੇ ਤਾਪਮਾਨ ਵਿੱਚ ਵਾਧਾ, ਮਿੱਟੀ ਦੀ ਨਮੀਂ, ਬਣਤਰ ਅਤੇ ਉਪਜਾਊ ਸ਼ਕਤੀ ਦੀ ਸੰਭਾਲ ਅਤੇ ਨਦੀਨਾਂ, ਕੀੜਿਆਂ ਅਤੇ ਬਿਮਾਰੀਆਂ ‘ਤੇ ਨਿਯੰਤਰਣ। ਇਸ ਦੀ ਵਰਤੋਂ ਨਾਲ ਅਗੇਤੀ ਫ਼ਸਲ ਵੀ ਉਗਾਈ ਜਾ ਸਕਦੀ ਹੈ ।

ਬੂਟੇ ਨੂੰ ਢੱਕ ਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ । ਇਹ ਦਿਨ ਦੇ ਸਮੇਂ ਬੂਟੇ ਉੱਤੇ ਪਈਆਂ ਸੂਰਜ ਦੀਆਂ ਕਿਰਨਾਂ ਨੂੰ ਭੰਡਾਰ ਕਰਦਾ ਹੈ ਅਤੇ ਰਾਤ ਨੂੰ ਲੰਬੀਆਂ ਤਰੰਗਾਂ ਵਾਲੀਆਂ ਕਿਰਨਾਂ ਨੂੰ ਵਧਾ ਕੇ ਬੂਟੇ ਦੇ ਨੇੜਲੇ ਤਾਪਮਾਨ ਨੂੰ ਵਧਾ ਦਿੰਦਾ ਹੈ। ਇਸ ਨੂੰ ਪੌਲੀਥੀਨ ਜਾਂ ਪਰਾਲੀ ਨਾਲ ਢੱਕਿਆ ਜਾਂਦਾ ਹੈ। ਟਮਾਟਰ ਦੀ ਫ਼ਸਲ ਦੀ ਕਾਸ਼ਤ ਦੌਰਾਨ ਟਮਾਟਰ ਦੀ ਪਨੀਰੀ ਨੂੰ ਖੇਤ ਵਿੱਚ ਫਰਵਰੀ ਵਿੱਚ ਲਗਾਇਆ ਜਾਂਦਾ ਹੈ। ਟਮਾਟਰ ਦੀ ਪਨੀਰੀ ਨੂੰ ਤਿਆਰ ਕਰਨ ਲਈ ਇਸ ਦਾ ਬੀਜ ਨਵੰਬਰ ਵਿੱਚ ਬੀਜਿਆ ਜਾਂਦਾ ਹੈ।

ਵੱਖ-ਵੱਖ ਤਕਨੀਕਾਂ ਵਿੱਚੋਂ ਸੁਰੰਗ ਵਾਲੀ ਤਕਨੀਕ ਉਤਪਾਦਕਾਂ ਵਿੱਚ ਵਧੇਰੇ ਪ੍ਰਸਿੱਧ ਹੈ। ਇਸ ਤਕਨੀਕ ਵਿੱਚ ਬੂਟਿਆਂ ਦੀਆਂ ਕਤਾਰਾਂ ਨੂੰ ਪਾਰਦਰਸ਼ੀ ਸਮਗਰੀ ਨਾਲ ਢੱਕਿਆ ਜਾਂਦਾ ਹੈ, ਜਿਸ ਨਾਲ ਬੂਟੇ ਦੇ ਆਲ਼ੇ-ਦੁਆਲ਼ੇ ਦੀ ਹਵਾ ਦਾ ਤਾਪਮਾਨ ਵੱਧ ਜਾਂਦਾ ਹੈ ਜੋ ਕਿ ਬੂਟੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਇਸ ਤਕਨੀਕ ਦੀ ਵਰਤੋਂ ਗਰਮੀ ਰੁੱਤ ਦੀਆਂ ਫ਼ਸਲਾਂ ਨੂੰ ਅਗੇਤੀ ਉਗਾਉਣ ਲਈ ਕੀਤੀ ਜਾਂਦੀ ਹੈ ਅਤੇ ਇਸ ਤਕਨੀਕ ਨਾਲ ਸਬਜ਼ੀਆਂ ਦੀ ਕਾਸ਼ਤ ਨੂੰ ਉਹਨਾਂ ਦੇ ਆਮ ਮੌਸਮ ਨਾਲੋਂ ਇੱਕ ਮਹੀਨਾ ਪਹਿਲਾਂ ਸ਼ੁਰੂ ਕਰ ਸਕਦੇ ਹਾਂ। ਵੱਖ-ਵੱਖ ਸਬਜ਼ੀਆਂ ਜਿਵੇਂ ਕਿ ਖੀਰਾ, ਸ਼ਿਮਲਾ ਮਿਰਚ ਅਤੇ ਬੈਂਗਣ ਨੂੰ ਨੀਵੀਆਂ ਸੁਰੰਗਾਂ ਵਾਲੀ ਤਕਨੀਕ ਨਾਲ ਕਾਸ਼ਤ ਕੀਤਾ ਜਾ ਸਕਦਾ ਹੈ। ਬਿਜਾਈ ਤੋਂ ਬਾਅਦ, ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾਉਣ ਲਈ 2 ਮੀਟਰ ਲੰਬੇ ਸਰੀਏ ਮੋੜ ਕੇ ਇਸ ਤਰ੍ਹਾਂ ਬਣਾ ਲਓ ਕਿ ਜਦੋਂ ਜ਼ਮੀਨ ਵਿੱਚ ਗੱਡੀਏ ਤਾਂ ਇਹਨਾਂ ਦੀ ਉਚਾਈ ਜ਼ਮੀਨ ਤੋਂ 45-60 ਸੈਂਟੀਮੀਟਰ ਹੋ ਜਾਏ। ਇਸ ਤੋਂ ਬਾਅਦ ਅਰਧ ਗੋਲਿਆਂ ਉੱਪਰ 100 ਗੇਜ ਦੀਆਂ ਪਲਾਸਟਿਕ ਸ਼ੀਟਾਂ ਵਿਛਾ ਦਿਉ। ਸੁਰੰਗਾਂ ਵਾਲੀ ਤਕਨੀਕ ਮੁੱਖ ਤੌਰ ਤੇ ਨਵੰਬਰ ਤੋਂ ਫਰਵਰੀ ਦੇ ਮਹੀਨੇ ਵਿੱਚ ਵਰਤੀ ਜਾਂਦੀ ਹੈ। ਦਸੰਬਰ ਦੇ ਸ਼ੁਰੂ ਵਿੱਚ ਫਸਲ ਨੂੰ ਕੋਰੇ ਤੋਂ ਬਚਾਉਣ ਲਈ ਲੰਬੇ ਸਰੀਏ ਦੇ ਅਰਧ ਗੋਲਿਆਂ ਨੂੰ ਇਸ ਤਰ੍ਹਾਂ ਗੱਡ ਦਿਉ ਤਾਂ ਜੋ ਬੂਟੇ ਵਿੱਚ ਆ ਜਾਣ। ਫਰਵਰੀ ਦੇ ਮਹੀਨੇ ਵਿੱਚ ਜਦੋਂ ਕੋਰਾ ਖਤਮ ਹੋ ਜਾਵੇ ਤਾਂ ਇਹਨਾਂ ਸ਼ੀਟਾਂ ਨੂੰ ਉਤਾਰ ਦਿਉ। ਇਹ ਤਕਨੀਕ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਲਾਭਦਾਇਕ ਹੈ ਕਿਉਂਕਿ ਘੱਟ ਸਿੰਚਾਈ ਦੀ ਲੋੜ ਹੁੰਦੀ ਹੈ ਅਤੇ ਇਹ ਦੂਜੀਆਂ ਸੁਰੱਖਿਅਤ ਖੇਤੀ ਦੀਆਂ ਤਕਨੀਕਾਂ ਨਾਲੋਂ ਘੱਟ ਲਾਗਤ ਵਾਲੀ ਹੈ ਤੇ ਇਸਦਾ ਰਖ-ਰਖਾਵ ਵੀ ਸੌਖਾ ਹੈ । ਮਿਰਚ, ਸ਼ਿਮਲਾ ਮਿਰਚ ਅਤੇ ਬੈਂਗਣ ਦੀ ਬਿਜਾਈ ਨਵੰਬਰ ਦੇ ਮਹੀਨੇ ਵਿੱਚ ਕੀਤੀ ਜਾਂਦੀ ਹੈ ਅਤੇ ਇਹਨਾਂ ਨੂੰ ਦਸੰਬਰ ਦੇ ਮਹੀਨੇ ਵਿੱਚ ਸੁਰੰਗਾਂ ਨਾਲ ਢੱਕਿਆ ਜਾਂਦਾ ਹੈ। ਫਰਵਰੀ ਦੇ ਮਹੀਨੇ ਜਦੋਂ ਕੋਰਾ ਖਤਮ ਹੋ ਜਾਂਦਾ ਹੈ ਤਾਂ ਨੀਵੀਆਂ ਸੁਰੰਗਾਂ ਨੂੰ ਹਟਾ ਦਿੱਤਾ ਜਾਂਦਾ ਹੈ। ਇਸ ਤਕਨੀਕ ਨਾਲ ਤੰਦਰੁਸਤ ਪਨੀਰੀ ਨੂੰ ਉਗਾਇਆ ਜਾ ਸਕਦਾ ਹੈ ।

ਕੋਰੇ ਤੋਂ ਸਬਜ਼ੀਆਂ ਨੂੰ ਬਚਾਉਣ ਦਾ ਇੱਕ ਹੋਰ ਢੰਗ ਸਿੰਚਾਈ ਹੈ। ਜਦੋਂ ਮਿੱਟੀ ਸੁੱਕੀ ਹੋਵੇ ਤਦ ਮਿੱਟੀ ਦੇ ਮੁਸਾਮ ਖੁੱਲ ਜਾਂਦੇ ਹਨ। ਜਿਸ ਕਾਰਨ ਮਿੱਟੀ ਵਿੱਚ ਗਰਮੀ ਨੂੰ ਅਦਾਨ-ਪ੍ਰਦਾਨ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਭੂਮੀ ਨੂੰ ਉਸਦੀ ਫੀਲਡ ਕਪੈਸਟੀ ਤੱਕ ਗਿੱਲਾ ਕਰਕੇ ਕੋਰੇ ਤੋਂ ਸਬਜ਼ੀਆਂ ਨੂੰ ਬਚਾਉਣ ਦੀ ਸਮਰੱਥਾ ਵੱਧ ਜਾਂਦੀ ਹੈ। ਮਿੱਟੀ ਨੂੰ ਗਿੱਲਾ ਕਰਨ ਉਪਰੰਤ ਸੂਰਜ ਦੀ ਰੌਸ਼ਨੀ ਨੂੰ ਸਹਿਣ ਕਰਨ ਦੀ ਸਮਰੱਥਾ ਵੀ ਵੱਧ ਜਾਂਦੀ ਹੈ। ਇਸ ਲਈ ਜਦੋਂ ਜ਼ਮੀਨ ਗਿੱਲੀ ਹੋਵੇ, ਤਦ ਵਾਸ਼ਪੀਕਰਨ ਵੱਧ ਜਾਂਦਾ ਹੈ ਅਤੇ ਵਾਸ਼ਪੀਕਰਨ ਦੌਰਾਨ ਪੈਦਾ ਹੋਈ ਊਰਜਾ ਕਾਰਨ ਤਾਪਮਾਨ ਵੱਧਦਾ ਹੈ ਜੋ ਕਿ ਫ਼ਸਲ ਨੂੰ ਕੋਰੇ ਤੋਂ ਬਚਾਉਂਦਾ ਹੈ। ਇਸੇ ਤਰ੍ਹਾਂ ਦਾ ਢੰਗ ਆਲੂਆਂ ਵਿੱਚ ਵੀ ਵਰਤਿਆ ਜਾਂਦਾ ਹੈ ।


**ਦਿਲਪ੍ਰੀਤ ਤਲਵਾੜ ਅਤੇ ਅਮਰਜੀਤ ਸਿੰਘ ਸੰਧੂ, ਸਬਜ਼ੀ ਵਿਗਿਆਨ ਵਿਭਾਗ**
**ਮੋਬਾਇਲ: 95927-72123**

# ਘੱਟ ਵਰਤੇ ਜਾਣ ਵਾਲੇ ਹਰੇ ਪੱਤੇ ਖਾਓ-ਅਨੀਮੀਆ ਭਜਾਓ, ਸਿਹਤ ਬਣਾਓ

ਖ਼ੂਨ ਦੀ ਘਾਟ ਨਾਲ ਹੋਣ ਵਾਲਾ ਅਨੀਮੀਆ ਨਾਮਕ ਰੋਗ ਛੋਟੇ ਬੱਚਿਆਂ, ਕਿਸ਼ੋਰ ਕੁੜੀਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਵਿੱਚ ਆਮ ਹੀ ਵੇਖਣ ਨੂੰ ਮਿਲਦਾ ਹੈ।ਇਸ ਰੋਗ ਤੋ ਬਚਣ ਲਈ ਆਪਣੀ ਖ਼ੁਰਾਕ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਵਿੱਚ ਪਾਲਕ, ਮੇਥੀ, ਧਨੀਆ, ਪੁਦੀਨਾ, ਸਰੋਂ, ਬਾਥੂ ਆਦਿ ਹੀ ਪ੍ਰਚਲਿਤ ਹਨ ਪਰ ਇਸ ਤੋਂ ਇਲਾਵਾ ਕੁਝ ਸਬਜ਼ੀਆਂ ਦੇ ਪੱਤੇ ਜਿਵੇਂ ਕਿ ਗੋਭੀ, ਮੂਲੀ, ਸ਼ਲਗਮ, ਗਾਜਰ, ਚੁਕੰਦਰ, ਅਰਬੀ, ਛੋਲਿਆਂ ਦਾ ਸਾਗ, ਹਾਲੋਂ, ਕੜੀ ਪੱਤਾ, ਸੁਆਂਜਣਾ ਦੇ ਪੱਤੇ, ਚੁਲਾਈ ਆਦਿ ਦੀ ਵਰਤੋਂ ਅਸੀਂ ਆਪਣੀ ਖ਼ੁਰਾਕ ਵਿੱਚ ਨਾ ਦੇ ਬਰਾਬਰ ਕਰਦੇ ਹਾਂ। ਇਹ ਪੱਤੇ ਪੋਸ਼ਟਿਕ ਤੱਤਾਂ ਨਾਲ ਭਰਪੂਰ ਹਨ, ਪਰ ਅਣਜਾਣੇ ਹੀ ਅਸੀਂ ਇਹਨਾਂ ਨੂੰ ਸੁੱਟ ਦਿੰਦੇ ਹਾਂ ਜਾਂ ਪਸ਼ੂਆ ਨੂੰ ਪਾ ਦਿੰਦੇ ਹਾਂ। ਵੱਖ-ਵੱਖ ਸਬਜ਼ੀਆਂ ਦੇ ਪੱਤਿਆਂ ਵਿੱਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਹੇਠ ਲਿਖੇ ਹਨ:

**ਘੱਟ ਵਰਤੇ ਜਾਣ ਵਾਲੇ ਹਰੇ ਪੱਤਿਆਂ ਵਿੱਚ ਜ਼ਰੂਰੀ ਖ਼ੁਰਾਕੀ ਤੱਤ (ਮਾਤਰਾ ਮਿਲੀ ਗ੍ਰਾਮ ਪ੍ਰਤੀ 100 ਗ੍ਰਾਮ)**

| ਹਰੀਆਂ ਪੱਤੇਦਾਰ ਸਬਜ਼ੀਆਂ | ਲ਼ੋਹਾ | ਕੈਲਸ਼ੀਅਮ | ਵਿਟਾਮਿਨ ਸੀ |
|---|---|---|---|
| ਫੁੱਲ ਗੋਭੀ ਦੇ ਪੱਤੇ | 40 | 626 | - |
| ਹਾਲੋਂ | 29 | 360 | - |
| ਸ਼ਲਗਮ ਦੇ ਪੱਤੇ | 28 | 710 | 180 |
| ਛੋਲਿਆਂ ਦੇ ਪੱਤੇ | 24 | 340 | - |
| ਚੁਲਾਈ ਦੇ ਪੱਤੇ | 19 | 330 | 179 |
| ਚੁਕੰਦਰ ਦੇ ਪੱਤੇ | 16 | 380 | 70 |
| ਅਰਬੀ ਦੇ ਪੱਤੇ | 16 | 200 | 7 |
| ਗਾਜਰ ਦੇ ਪੱਤੇ | 9 | 340 | 79 |
| ਸੁਆਂਜਣ ਦੇ ਪੱਤੇ | - | 440 | 220 |
| ਮੂਲੀ ਦੇ ਪੱਤੇ | - | 265 | 81 |

ਹਰੀਆਂ ਪੱਤੇਦਾਰ ਸਬਜ਼ੀਆਂ ਘਰੇਲੂ ਬਗੀਚੀ ਵਿੱਚ ਹੀ ਉਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਮੌਸਮ ਵਿੱਚ ਤਾਜ਼ਾ ਹਰੀਆਂ ਸਬਜ਼ੀਆਂ ਅਸਾਨੀ ਨਾਲ ਮਿਲ ਸਕਣ। ਹਮੇਸ਼ਾ ਤਾਜ਼ੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।ਜੇ ਸੰਭਾਲਣ ਦੀ ਲੋੜ ਪਵੇ ਤਾਂ 2-3 ਦਿਨ ਲਈ ਫਰਿਜ ਵਿੱਚ ਗਿੱਲੇ ਮੱਲਮਲ ਦੇ ਕਪੜੇ ਵਿੱਚ ਲਪੇਟ ਕੇ ਰੱਖ ਸਕਦੇ ਹਾਂ। ਗਰਮੀਆਂ ਵਿੱਚ ਇਹਨਾਂ ਦੀ ਵਰਤੋਂ ਲਈ ਇਹਨਾਂ ਨੂੰ ਚੰਗੀ ਤਰਾਂ ਧੋ ਕੇ ਉਬਲਦੇ ਪਾਣੀ ਜਾਂ ਭਾਫ ਵਿੱਚ ਦੋ ਮਿੰਟ ਲਈ ਰੱਖ ਕੇ ਇਹਨਾਂ ਨੂੰ ਸੁਕਾ ਲਵੋ, ਸੁਕਾਉਣ ਤੋਂ ਬਾਅਦ ਮਸਲ ਕੇ ਚੂਰਾ ਬਣਾ ਕੇ ਹਵਾ ਰਹਿਤ ਡੱਬੇ ਵਿੱਚ ਬੰਦ ਕਰਕੇ ਰੱਖ ਲਵੋ। ਇਹ ਸੁੱਕੇ ਹੋਏ ਪੱਤੇ ਤੁਸੀ ਲੂਣ ਦਾਨੀ ਵਿੱਚ ਵੀ ਰਖ ਸਕਦੇ ਹੋ ਤਾਂ ਜੋ ਦਾਲ ਸਬਜੀ ਬਣਨ ਤੋਂ ਬਾਅਦ ਇਹਨਾਂ ਨੂੰ ਦਾਲ ਸਬਜੀ ਵਿੱਚ ਪਾ ਕੇ ਵਰਤਿਆ ਜਾ ਸਕੇ।

ਰੋਜ਼ਾਨਾ ਆਪਣੀ ਖੁਰਾਕ ਵਿੱਚ ਘੱਟੋ-ਘੱਟ 100 ਗ੍ਰਾਮ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਇਹਨਾਂ ਸਬਜ਼ੀਆਂ ਦੀ ਵਰਤੋਂ ਸਾਗ, ਭੁਰਜੀ, ਚਟਨੀ ਦੇ ਰੂਪ ਵਿੱਚ ਅਤੇ ਦਾਲ, ਪਰੌਂਠਾ/ਰੋਟੀ ਅਤੇ ਚੌਲਾ ਵਿੱਚ ਪਾ ਕੇ ਕੀਤੀ ਜਾ ਸਕਦੀ ਹੈ। ਛੋਲਿਆਂ, ਅਰਬੀ, ਗਾਜਰ ਅਤੇ ਫੁੱਲ ਗੋਭੀ ਦੇ ਪੱਤਿਆਂ ਨੂੰ ਸੁਕਾ ਕੇ ਇਹਨਾਂ ਦੀ ਵਰਤੋਂ ਖਿਚੜੀ, ਪੁਲਾਉ, ਮਿੱਸੀ ਰੋਟੀ, ਪਰੌਂਠੇ, ਟਿੱਕੀ ਅਤੇ ਕਬਾਬ ਆਦਿ ਵਿੱਚ ਪਾ ਕੇ ਵੀ ਕੀਤੀ ਜਾ ਸਕਦੀ ਹੈ। ਪਾਲਕ, ਮੇਥੀ, ਹਰੇ ਪਿਆਜ਼ ਅਤੇ ਬੰਦ ਗੋਭੀ ਨੂੰ ਸਲਾਦ ਦੇ ਰੂਪ ਵਿੱਚ ਵਰਤ ਸਕਦੇ ਹਾਂ।

**ਮਨੀਸ਼ਾ ਭਾਟੀਆ ਅਤੇ ਅਵਨੀਤ ਕੌਰ ਅਹੂਜਾ, ਕੇ.ਵੀ.ਕੇ ਫਤਿਹਗੜ੍ਹ ਸਾਹਿਬ**
**ਮੋਬਾਇਲ: 98768-33933**

# ਪੀ.ਏ.ਯੂ.- ਨਹਿਰੀ ਪਾਣੀ ਪੀਣ ਲਈ ਪੋਰਟੇਬਲ ਵਾਟਰ ਫਿਲਟਰ

ਪਾਣੀ ਨੂੰ ਮੂਲ਼ ਜਿੰਦਗੀ ਦਾ ਆਧਾਰ ਮੰਨਿਆ ਜਾਂਦਾ ਹੈ। ਸਾਫ ਪਾਣੀ ਦੀ ਉਪਲੱਬਧਤਾ ਦੀ ਘਾਟ ਰੋਜ਼ਾਨਾ ਜੀਵਨ, ਸਿਹਤ ਅਤੇ ਖੁਰਾਕ ਦੀ ਸੁਰੱਖਿਆ ਤੇ ਗੰਭੀਰ ਪ੍ਰਭਾਵ ਪਾਉਂਦੀ ਹੈ। ਤਕਨੀਕੀ ਤਰੱਕੀਆਂ ਦੇ ਬਾਵਜੂਦ, ਵਿਸ਼ਵ ਪੱਧਰ ਤੇ ਇੱਕ ਵੱਡੀ ਆਬਾਦੀ ਹੁਣ ਵੀ ਮੁੱਢਲੀਆਂ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਤੋਂ ਵਾਂਝੀ ਹੈ ਅਤੇ ਕਈ ਲੋਕ ਗੰਦੇ ਪੀਣ ਵਾਲੇ ਪਾਣੀ ਦੇ ਸਰੋਤਾਂ ਤੇ ਨਿਰਭਰ ਹਨ। ਲੋਕਾਂ ਨੂੰ ਦਸਤ, ਕਾਲਰਾ, ਹੈਪਾਟਾਈਟਿਸ ਏ, ਪਚਾਅ ਦੀ ਬਿਮਾਰੀ, ਟਾਈਫਾਈਡ ਅਤੇ ਪੋਲਿਓ ਵਰਗੀਆਂ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਹੋਣ ਦਾ ਖਤਰਾ ਰਹਿੰਦਾ ਹੈ।

ਆਉਣ ਵਾਲੇ ਸਮਿਆਂ ਵਿੱਚ ਪਾਣੀ ਦਾ ਸੰਕਟ ਹੋਰ ਵੀ ਵੱਧਣ ਦੀ ਸੰਭਾਵਨਾ ਹੈ, ਕਿਉਂਕਿ ਵਿਸ਼ਵ ਪੱਧਰ ਤੇ ਪਾਣੀ ਦੀ ਮੰਗ ਵੱਧ ਰਹੀ ਹੈ, ਜਦਕਿ ਪਾਣੀ ਦੇ ਸਰੋਤ ਘੱਟ ਰਹੇ ਹਨ। ਜਿੰਨ੍ਹਾਂ ਖੇਤਰਾਂ ਵਿੱਚ ਜਨਤਕ ਪਾਣੀ ਪ੍ਰਣਾਲੀ ਉਪਲੱਬਧ ਨਹੀਂ, ਉਥੇ ਘਰੇਲੂ ਜਾਂ ਛੋਟੀਆਂ ਸਮੂਹੀ ਭਾਈਚਾਰਕ ਇਕਾਈਆਂ ਆਪਣੇ ਆਪ ਹੀ ਪਾਣੀ ਦੀ ਸਪਲਾਈ ਕਰਦੀਆਂ ਹਨ, ਜਿਸਨੂੰ ਸਵੈ ਸਪਲਾਈ ਕਿਹਾ ਜਾਂਦਾ ਹੈ। ਇਹ ਪਾਣੀ ਮੁੱਖ ਤੌਰ ਤੇ ਚਸ਼ਮੇ, ਨਦੀਆਂ, ਖੂਹ, ਬੋਰਵੇਲ ਜਾਂ ਨਹਿਰਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਹਾਲਾਂਕਿ, ਇਹ ਸਰੋਤ ਸਿਹਤ ਲਈ ਗੰਭੀਰ ਖਤਰਾ ਪੈਦਾ ਕਰ ਸਕਦੇ ਹਨ।

ਪਾਣੀ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਸਸਤੇ ਅਤੇ ਪ੍ਰਭਾਵਸ਼ਾਲੀ ਤਕਨੀਕੀ ਉਪਕਰਨਾਂ ਦੀ ਲੋੜ ਹੈ। ਇਸ ਦੇ ਚਲਦੇ ਬਾਜ਼ਾਰ ਵਿੱਚ ਕਈ ਤਰ੍ਹਾਂ ਦੇ ਪਾਣੀ ਦੇ ਫਿਲਟਰ ਉਪਲੱਬਧ ਹਨ ਜੋ ਕਿ ਗੰਦੇ ਪਾਣੀ ਨੂੰ ਸਾਫ ਕਰ ਸਕਦੇ ਹਨ ਪਰ ਉਹ ਮਹਿੰਗੇ ਅਤੇ ਸਿਰਫ ਉੱਚ ਆਰਥਿਕ ਵਰਗ ਲਈ ਉਪਲਬੱਧ ਹਨ।

ਪਾਣੀ ਦੀ ਮਹੱਤਤਾ ਨੂੰ ਵੇਖਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਇੱਕ 15 ਲਿਟਰ ਦਾ ਕਿਫਾਇਤੀ/ ਪ੍ਰਭਾਵਸ਼ਾਲੀ, ਪੋਰਟਬਲ, ਫਿਲਟਰ ਤਿਆਰ ਕੀਤਾ ਗਿਆ ਹੈ। ਇਹ ਫਿਲਟਰ ਪੰਜਾਬ ਦੇ ਦੱਖਣ ਪੱਛਮੀ ਨਹਿਰੀ ਪਾਣੀ ਦੇ ਸਰੋਤਾਂ ਤੇ ਨਿਰਭਰ ਆਬਾਦੀ ਨੂੰ ਧਿਆਨ ਵਿੱਚ ਰੱਖਦਿਆਂ ਡਿਜ਼ਾਇਨ ਕੀਤਾ ਅਤੇ ਘੜਿਆ ਗਿਆ ਹੈ ਤਾਂ ਜੋ ਉਥੋਂ ਦੇ ਪਾਣੀ ਨੂੰ ਪੀਣਯੋਗ ਬਣਾਇਆ ਜਾ ਸਕੇ।

ਇਹ ਪਾਰਦਰਸ਼ੀ ਪਲਾਸਟਿਕ ਤੋਂ ਬਣਿਆ 34.4 ਸੈਂਟੀ ਮੀਟਰ ਉਚਾਈ ਅਤੇ 33.2 ਸੈਂਟੀ ਮੀਟਰ, ਵਿਆਸ ਵਾਲਾ ਫਿਲਟਰ ਹੈ। 5.6 ਸੈਂਟੀ ਮੀਟਰ ਦੀ ਮੋਟਾਈ ਵਾਲੇ ਐਕਟੀਵੇਟਿਡ ਚਾਰਕੋਲ ਦੇ ਫਿਲਟਰ ਨੂੰ ਪੱਕੜ ਲਈ ਜਿਸਦੇ ਸਿਰੇ ਤੋ 8 ਸੀ ਐਮ ਦੀ ਡੂੰਘਾਈ ਤੇ ਇੱਕ ਦਾਤ ਦੀ ਛਾਨਣੀ ਰੱਖੀ ਜਾਂਦੀ ਹੈ। ਇਹ ਇੱਕ ਹੱਥੀ ਸੰਚਾਲਿਤ ਪੰਪ ਨਾਲ ਲੇਸ ਫਿਲਟਰ ਹੈ ਜਿਸ ਵਿੱਚ ਸੋਡੀਅਮ ਹਾਈਕਲੋਰਾਈਡ ਦੀ 1.5 ਐਮ ਐਲ ਦੀ ਇੱਕ ਨਿਰਧਾਰਿਤ ਖੁਰਾਕ ਦਿੱਤੀ ਜਾਂਦੀ ਹੈ। ਇਸ ਫਿਲਟਰ ਦੁਆਰਾ ਮਾਨਸੂਨ ਦੇ ਮੌਸਮ ਦੌਰਾਨ (ਪਹਿਲਾ/ਬਾਅਦ) ਦੂਸ਼ਿਤ ਹੁੰਦੇ ਪਾਣੀ ਦੇ ਰਸਾਇਣਿਕ, ਭੋਤਿਕ ਮਾਪਦੰਡਾਂ ਦੀ ਜਾਂਚ ਕੀਤੀ ਗਈ ਹੈ। ਫਿਲਟਰ ਕੀਤੇ ਪਾਣੀ ਦੇ ਸਾਰੇ ਗੁਣਵੱਤਾ ਸੰਬੰਧੀ ਮਾਪਦੰਡ ਮਨਜ਼ੂਰ ਸ਼ੁਦਾ ਮਿਕਦਾਰ ਵਿੱਚ ਪਾਏ ਗਏ। ਇਸ ਫਿਲਟਰ ਦੀ ਨਵੀਨਤਾ ਅਨੁਸਾਰ ਹਰ ਤਿੰਨ ਮਹੀਨੇ ਬਾਅਦ ਇਸ ਦਾ ਫਿਲਟਰ ਮੀਡੀਆ (ਐਕਟੀਵੇਟਿਡ ਚਾਰਕੋਲ) ਬਦਲਿਆ ਜਾਂਦਾ ਹੈ। ਇਸ ਫਿਲਟਰ ਦੀ ਕੀਮਤ ਲਗਭਗ 1300/- ਰੁਪਏ ਹੈ ਅਤੇ ਇਸਦਾ ਲਗਭਗ 650/- ਸਾਲਾਨਾ ਖਰਚਾ ਹੈ।


ਇਹ ਪਾਣੀ ਦਾ ਫਿਲਟਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਘੱਟ ਲਾਗਤ ਅਤੇ ਖਰਚੇ ਵਿੱਚ ਦੂਸ਼ਿਤ ਨਹਿਰੀ ਪਾਣੀ ਦੀ ਗੁਣਵੱਤਾ ਅਤੇ ਮਨੁੱਖੀ ਸਿਹਤ ਵਿੱਚ ਸੁਧਾਰ ਲਿਆਉਣ ਵਾਲਾ ਇੱਕ ਕਿਫਾਇਤੀ ਅਤੇ ਸ਼ਲਾਘਾਯੋਗ ਉਪਰਾਲਾ ਹੈ।




ਵਿਕਸਤ ਪਾਣੀ ਫਿਲਟਰ ਦੇ ਭਾਗ

ਜੇ.ਪੀ. ਸਿੰਘ ਅਤੇ ਗੁਲਾਬ ਪਾਂਡਵ, ਮਿੱਟੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ
ਮੋਬਾਇਲ: 98728-83963

# ਫਲਾਂ ਦੀ ਪੌਸ਼ਟਿਕ ਬਗੀਚੀ ਅਪਣਾਓ, ਪੋਸ਼ਣ ਸੁਰੱਖਿਆ ਵਧਾਓ



- ਤਾਜ਼ਾ ਫ਼ਲ ਪੌਸ਼ਟਿਕ ਖੁਰਾਕ ਦਾ ਬਹੁਤ ਅਹਿਮ ਹਿੱਸਾ ਹਨ ਜੋ ਕਿ ਖਣਿਜ, ਵਿਟਾਮਿਨ ਅਤੇ ਐਂਟੀਔਕਸੀਡੈਂਟਸ ਦਾ ਭਰਪੂਰ ਸਰੋਤ ਹਨ।
- ਘਰੇਲੂ ਪੱਧਰ ਤੇ ਫ਼ਲਾਂ ਦੀ ਪੈਦਾਵਾਰ ਲਈ ਪੀ ਏ.ਯੂ. ਵੱਲੋਂ 625 ਵਰਗ ਮੀਟਰ (25x25 ਮੀਟਰ) ਫਲਾਂ ਦੀ ਬਗੀਚੀ ਦੇ ਮਾਡਲ ਦੀ ਸਿਫਾਰਿਸ਼ ਕੀਤੀ ਗਈ ਹੈ ਜਿਸ ਵਿੱਚ 21 ਕਿਸਮ ਦੇ ਫਲਾਂ ਦੇ ਪੌਦੇ ਲਗਾਏ ਜਾ ਸਕਦੇ ਹਨ।
- ਫਲਦਾਰ ਪੌਦੇ ਲੱਗਭੱਗ 2-3 ਸਾਲਾਂ ਬਾਅਦ ਹੀ ਫ਼ਲ ਦੇਣ ਲੱਗਦੇ ਹਨ, ਇਸ ਲਈ ਫਲਦਾਰ ਪੌਦਿਆਂ ਦੀ ਚੋਣ ਅਤੇ ਕਿਸਮ, ਲਗਾਉਣ ਦਾ ਸਮਾਂ, ਪੌਦਿਆਂ ਦਾ ਸਰੋਤ ਅਤੇ ਲਗਾਉਣ ਦੀ ਦੂਰੀ ਵੱਲ ਉਚਿਤ ਧਿਆਨ ਦੇਣਾ ਚਾਹੀਦਾ ਹੈ।
- ਸਦਾਬਹਾਰ ਅਤੇ ਪੱਤਝੜੀ ਕਿਸਮ ਦੇ ਬੂਟੇ ਅਲੱਗ-ਅਲੱਗ ਲਗਾਉਣੇ ਚਾਹੀਦੇ ਹਨ।
- ਬਹੁਤ ਉੱਚੇ ਜਾਣ ਵਾਲੇ ਬੂਟੇ ਜਿਵੇਂ ਕਿ ਅੰਬ, ਲੀਚੀ, ਜਾਮਣ, ਚੀਕੂ ਆਦਿ ਨੂੰ ਘਰੇਲੂ ਬਗੀਚੇ ਦੇ ਬਿਲਕੁਲ ਉੱਤਰੀ ਹਿੱਸੇ ਵੱਲ ਲਗਾਉਣੇ ਚਾਹੀਦੇ ਹਨ ਤਾਂ ਜੋ ਇਹਨਾਂ ਦੀ ਛਾਂ ਦੂਸਰੇ ਬੂਟਿਆਂ ਤੇ ਨਾਂ ਪਵੇ।
- ਬਗੀਚੀ ਦੇ ਅੰਦਰਲੇ ਹਿੱਸੇ ਵਿੱਚ ਨਿੰਬੂ ਜਾਤੀ ਦੇ ਫ਼ਲ ਤੇ ਅਮਰੂਦ ਲਗਾਉਣੇ ਚਾਹੀਦੇ ਹਨ।
- ਪੱਤਝੜੀ ਕਿਸਮ ਦੇ ਬੂਟੇ ਜਿਵੇਂ ਕਿ ਨਾਸ਼ਪਾਤੀ, ਆੜੂ ਅਤੇ ਬੇਰ ਵਰਗੇ ਪੌਦੇ ਬਾਗ ਦੇ ਦੱਖਣ-ਪੂਰਬੀ ਹਿੱਸੇ ਵਿੱਚ ਲਗਾਏ ਜਾਣੇ ਚਾਹੀਦੇ ਹਨ ।
- ਦੱਖਣੀ ਪਾਸੇ ਦੀ ਸਭ ਤੋਂ ਅਖੀਰਲੀ ਕਤਾਰ ਵਿੱਚ ਪਪੀਤੇ ਅਤੇ ਕੇਲੇ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਹਨਾਂ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਦੀ ਬਹੁਤ ਲੋੜ ਹੁੰਦੀ ਹੈ।
- ਪੂਰਬੀ ਪਾਸੇ ਵੱਲ ਅੰਗੂਰਾਂ ਦੀਆਂ ਵੱਖ-ਵੱਖ ਕਿਸਮਾਂ ਵਾਈ-ਟਰੈਲਿਸ ਢੰਗ ਉਪਰ ਲਾਈਆਂ ਜਾ ਸਕਦੀਆਂ ਹਨ।
- ਪੱਛਮੀ ਹਿੱਸੇ ਵੱਲ ਕਰੌਂਦਾ ਅਤੇ ਫ਼ਾਲਸਾ ਅਤੇ ਉੱਤਰੀ ਬਾਹੀ 'ਤੇ ਮਿੱਠਾ (ਸਵੀਟ ਲਾਈਮ) ਵਾੜ ਦੇ ਤੌਰ ਤੇ ਲਾਇਆ ਜਾਣਾ ਚਾਹੀਦਾ ਹੈ ।

## ਬੂਟਿਆਂ ਨੂੰ ਲਗਾਉਣ ਦਾ ਸਮਾਂ ਅਤੇ ਤਰੀਕਾ

- ਸਦਾਬਹਾਰ ਬੂਟਿਆਂ ਲਈ ਸਭ ਤੋਂ ਵਧੀਆ ਸਮਾਂ ਫਰਵਰੀ-ਮਾਰਚ ਅਤੇ ਸਤੰਬਰ-ਅਕਤੂਬਰ ਦੌਰਾਨ ਹੈ, ਜਦਕਿ ਪੱਤਝੜੀ ਕਿਸਮ ਦੇ ਬੂਟੇ ਜਿਵੇਂ ਕਿ ਨਾਸ਼ਪਾਤੀ, ਆੜੂ, ਅੰਗੂਰ ਅਤੇ ਅਨਾਰ ਜਨਵਰੀ-ਫਰਵਰੀ ਦੌਰਾਨ ਲਗਾਏ ਜਾਣੇ ਚਾਹੀਦੇ ਹਨ ।
- ਬੂਟਿਆਂ ਨੂੰ ਲਗਾਉਣ ਲਈ ਇੱਕ ਮੀਟਰ ਡੂੰਘੇ ਅਤੇ ਇੱਕ ਮੀਟਰ ਘੇਰੇ ਵਾਲੇ ਟੋਏ ਪੁੱਟ ਲਓ। ਇਨ੍ਹਾਂ ਟੋਇਆਂ ਵਿੱਚ ਉਪਰਲੀ ਮਿੱਟੀ ਅਤੇ ਰੂੜੀ ਬਰਾਬਰ ਮਾਤਰਾ ਵਿੱਚ ਪਾਉ ਤੇ ਜ਼ਮੀਨ ਤੋਂ ਉੱਚੇ ਭਰ ਦਿਉ। ਇਨ੍ਹਾਂ ਵਿੱਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਦਿਉ। ਪਾਣੀ ਦੇਣ ਤੋਂ ਬਾਅਦ ਜੇ ਟੋਏ ਵਿਚਲੀ ਮਿੱਟੀ ਬੈਠ ਗਈ ਹੋਵੇ ਤਾਂ ਉੱਪਰਲੀ ਸਤਿਹ ਤੇ ਮਿੱਟੀ ਪਾ ਕੇ ਜ਼ਮੀਨ ਦੇ ਬਰਾਬਰ ਪੱਧਰ ਕਰ ਦਿਉ । ਹਰੇਕ ਟੋਏ ਵਿੱਚ 15 ਮਿਲੀਲਿਟਰ ਕਲੋਰਪਾਈਰੀਫ਼ਾਸ 20 ਈ ਸੀ 2 ਕਿਲੋ ਮਿੱਟੀ ਵਿੱਚ ਰਲਾ ਕੇ ਸਿਉਂਕ ਤੋਂ ਬਚਾਉਣ ਲਈ ਜ਼ਰੂਰ ਪਾ ਦਿਉ ।

- ਟੋਏ ਤਿਆਰ ਕਰਨ ਤੋਂ ਬਾਅਦ ਬੂਟੇ ਲਗਾਉਣ ਵਾਲੇ ਫੱਟੇ (ਪਲਾਂਟਿੰਗ ਬੋਰਡ) ਨੂੰ ਇਸ ਤਰ੍ਹਾਂ ਰੱਖੋ ਕਿ ਇੱਕ ਪਾਸੇ ਨਿਸ਼ਾਨਬੰਦੀ ਵਾਲੀਆਂ ਕਿੱਲੀਆਂ ਫੱਟੇ ਤੇ ਪਾਸੇ ਵਾਲੇ ਕੱਟ ਵਿਚ ਪੂਰੀ ਤਰ੍ਹਾਂ ਫਿੱਟ ਹੋ ਜਾਣ। ਇਸ ਤੋਂ ਬਾਅਦ ਬੂਟੇ ਨੂੰ ਟੋਏ ਵਿੱਚ ਇਸ ਤਰ੍ਹਾਂ ਰੱਖੋ ਕਿ ਬੂਟੇ ਦਾ ਤਣਾ ਫੱਟੇ ਦੇ ਵਿਚਕਾਰਲੇ ਕੱਟ (ਵੀ-ਨੋਚ) ਵਿਚ ਆ ਜਾਵੇ ।
- ਬੂਟੇ ਲਗਾਉਣ ਵੇਲੇ ਇਹ ਧਿਆਨ ਰੱਖੋ ਕੇ ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਜ਼ਰੂਰ ਉੱਚਾ ਹੋਵੇ ।ਬੂਟੇ ਦੇ ਆਸੇ ਪਾਸੇ ਵਾਲੀ ਮਿੱਟੀ ਨੂੰ ਹਲਕਾ ਦਬਾ ਦਿਉ ਅਤੇ ਹਲਕਾ ਪਾਣੀ ਦਿਉ।

### ਬੂਟਿਆਂ ਦੀ ਮੁੱਢਲੀ ਸਾਂਭ-ਸੰਭਾਲ

- ਬੂਟੇ ਲਾਉਣ ਤੋਂ ਬਾਅਦ ਉਨ੍ਹਾਂ ਨੂੰ ਸੋਟੀ ਨਾਲ ਸਹਾਰਾ ਦਿਉ ।
- ਗਰਮੀ ਅਤੇ ਸਰਦੀ ਦੇ ਮਾੜੇ ਅਸਰ ਤੋਂ ਬਚਾਅ ਕਰੋ ।
- ਫ਼ਲਦਾਰ ਪੌਦਿਆਂ ਖਾਸ ਕਰਕੇ ਪਪੀਤੇ ਅਤੇ ਕੇਲੇ ਨੂੰ ਕੋਰੇ ਤੋਂ ਬਚਾਉਣ ਲਈ ਉਪਰਾਲੇ ਕਰੋ। ਇਸ ਤੋਂ ਇਲਾਵਾ ਨਵੇਂ ਲਾਏ ਬੂਟੇ ਜਿਵੇਂ ਕਿ ਅੰਬ, ਲੀਚੀ, ਆਂਵਲਾ ਅਤੇ ਅਮਰੂਦ ਦੇ ਬੂਟਿਆਂ ਨੂੰ ਵੀ ਕੋਰੇ ਤੋਂ ਬਚਾਉਣਾ ਬਹੁਤ ਜਰੂਰੀ ਹੈ।
- ਨਵੇਂ ਬੂਟਿਆਂ ਦਾ ਧਿਆਨ ਰੱਖੋ ਅਤੇ ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਅਤੇ ਸੱਕਰ ਆਦਿ ਲਗਾਤਾਰ ਕੱਟਦੇ ਰਹੋ।
- ਪੌਦਿਆਂ ਦੇ ਚੰਗੇ ਵਾਧੇ ਲਈ ਗਰਮੀਆਂ ਵਿੱਚ ਹਫਤੇ ਵਿੱਚ ਇੱਕ ਵਾਰ ਅਤੇ ਸਰਦੀਆਂ ਵਿੱਚ 15 ਦਿਨਾਂ ਦੇ ਅੰਤਰਾਲ ਤੇ ਸਿੰਚਾਈ ਜ਼ਰੂਰੀ ਹੈ।
- ਪੱਤਝੜੀ ਬੂਟਿਆਂ ਨੂੰ ਹਰ ਸਾਲ ਕਾਂਟ ਛਾਂਟ ਦੀ ਲੋੜ ਹੁੰਦੀ ਹੈ ਅਤੇ ਸਦਾਬਹਾਰ ਬੂਟਿਆਂ ਵਿੱਚ ਕੇਵਲ ਸੁੱਕੀਆਂ ਅਤੇ ਬਿਮਾਰੀ ਵਾਲੀਆਂ ਟਹਿਣੀਆਂ ਦੀ ਕਟਾਈ ਕਰੋ।
- ਘਾਹ/ਨਦੀਨਾਂ ਦੀ ਰੋਕਥਾਮ ਲਈ ਨਦੀਨਾਂ ਲਈ ਗੋਡੀ ਅਤੇ ਪਰਾਲੀ/ਪਲਾਸਟਿਕ ਮਲਚ ਆਦਿ ਦੀ ਵਰਤੋਂ ਕਰੋ।
- ਬੂਟਿਆਂ ਦੀ ਪੋਸ਼ਣ ਦੀ ਲੋੜ ਨੂੰ ਪੂਰਾ ਕਰਨ ਲਈ ਜੈਵਿਕ ਖਾਦ/ਰੂੜੀ ਦੀ ਵਰਤੋਂ ਕਰੋ ।
- ਕੀੜਿਆਂ ਦੀ ਰੋਕਥਾਮ ਲਈ ਨਿੰਮ ਯੁਕਤ ਪਦਾਰਥਾਂ ਦੇ ਛਿੜਕਾਅ, ਫ਼ਲ ਦੀ ਮੱਖੀ ਲਈ ਪੀ.ਏ.ਯੂ. ਫਰੂਟ ਫਲਾਈ ਟਰੈਪ ਆਦਿ ਨੂੰ ਅਪਣਾ ਕੇ ਕੀੜੇਮਾਰ ਰਸਾਇਣਾਂ ਦੀ ਵਰਤੋਂ ਵੀ ਘਟਾਈ ਜਾ ਸਕਦੀ ਹੈ।

ਅਮਰਦੀਪ ਕੌਰ ਅਤੇ ਅਵਨੀਤ ਕੌਰ, ਖੇਤਰੀ ਖੋਜ ਕੇਂਦਰ, ਫਰੀਦਕੋਟ
ਮੋਬਾਇਲ: 70870-72778

## ਦਸੰਬਰ ਮਹੀਨੇ ਦੇ ਸਿਖਲਾਈ-ਕੋਰਸ

**ਕੇ. ਵੀ. ਕੇ. ਫਰੀਦਕੋਟ (01639-253142)**

ਦਸੰਬਰ 04: ਸੀਡ ਪਲਾਟ ਤਕਨੀਕ ਰਾਹੀਂ ਆਲੂ ਦਾ ਰੋਗ ਰਹਿਤ ਬੀਜ ਤਿਆਰ ਕਰਨਾ
ਦਸੰਬਰ 08-12: ਸੂਰ ਪਾਲਣ
ਦਸੰਬਰ 10: ਫ਼ਲਦਾਰ ਬੂਟਿਆਂ ਵਿੱਚ ਖੁਰਾਕੀ ਪ੍ਰਬੰਧ
ਦਸੰਬਰ 13: ਹਾੜ੍ਹੀ ਦੀਆਂ ਫ਼ਸਲਾਂ ਵਿੱਚ ਖੁਰਾਕੀ ਤੱਤਾਂ ਦੀ ਘਾਟ ਅਤੇ ਪੂਰਤੀ

We are also available at:
www.pau.edu
www.facebook.com/pauldhpunjab
www.twitter.com/PAU_LDH
Punjab Agricultural University Official
82880-57707 Add to your WhatsApp groups (Khet Sandesh a digital newspaper)
PAU Kisan App
http://www.pau.edu/fportalnew/

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

## ਮੌਸਮ (03-12-2025)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸ ਦੇ ਨਾਲ ਲਗਦੇ ਭਾਗਾਂ ਵਿੱਚ ਮੌਸਮ ਖੁਸਕ ਰਹਿਣ ਦਾ ਅਨੁਮਾਨ ਹੈ।**

| | |
|---|---|
| ਦਿਨ ਦਾ ਤਾਪਮਾਨ: | 21.6 ਡਿ.ਸੈ. |
| ਰਾਤ ਦਾ ਤਾਪਮਾਨ: | 4.6 ਡਿ.ਸੈ. |
| ਸਵੇਰ ਦੀ ਨਮੀ: | 91% |
| ਸ਼ਾਮ ਦੀ ਨਮੀ: | 39% |
| ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 1.4 ਮਿ.ਮਿ. |
| ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ. |
| ਦਿਨ ਦੀ ਲੰਬਾਈ | 10 ਘੰਟੇ 18 ਮਿੰਟ |

**ਮੌਸਮ ਦੀ ਭਵਿੱਖਵਾਣੀ:** ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ।

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 21-25 | 20-25 | 20-27 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 06-08 | 04-08 | 04-08 |
| ਸਵੇਰ ਦੀ ਨਮੀ (%) | 72-91 | 76-93 | 77-92 |
| ਸ਼ਾਮ ਦੀ ਨਮੀ (%) | 37-55 | 35-71 | 34-55 |

**ਕਿਸਾਨਾਂ ਲਈ ਮੌਸਮ ਅਤੇ ਫ਼ਸਲਾਂ ਦਾ ਹਾਲ:** ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਹੀ ਸਿਫ਼ਾਰਿਸ਼ ਅਨੁਸਾਰ ਖੇਤ ਦੀ ਤਿਆਰੀ, ਬਿਜਾਈ, ਸਿੰਚਾਈ ਅਤੇ ਜਰੂਰਤ ਮੁਤਾਬਿਕ ਸਪਰੇਅ ਕਰੋ।

# ਖੇਤੀ ਫਸਲਾਂ



**ਕਣਕ:** ਸੇਂਜੂ ਹਾਲਤਾਂ ਵਿੱਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 752, ਪੀ ਬੀ ਡਬਲਯੂ 771 ਅਤੇ ਪੀ ਬੀ ਡਬਲਯੂ 757 ਦੀ ਕਾਸ਼ਤ ਕਰੋ। ਬਿਜਾਈ ਵੇਲੇ 55 ਕਿੱਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿੱਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ।ਪਹਿਲੇ ਅਤੇ ਦੂਜੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਅਤੇ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਂਥੇਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਂਥੇਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋ। ਇਹਨਾਂ ਵਿੱਚੋਂ ਕਿਸੇ ਇੱਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ।ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿੱਲੋ ਡੀ.ਏ.ਪੀ./ਏਕੜ ਡਰਿਲ ਕਰੋ। ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ।ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿੱਲੋ ਯੂਰੀਆ/ਏਕੜ ਪਾਓ।ਨਵੰਬਰ ਦੇ ਚੌਥੇ ਹਫਤੇ ਤੋਂ ਬਾਅਦ ਪੀ ਬੀ ਡਬਲਯੂ 771, ਜਾਂ ਪੀ ਬੀ ਡਬਲਯੂ 752 ਕਿਸਮ ਬੀਜੋ। ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 0.5 % ਮੈਗਨੀਜ਼ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਸਪਰੇਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਸਪਰੇਅ ਹਫਤੇ-ਹਫਤੇ ਦੇ ਫਰਕ ਤੇ ਕਰੋ।



**ਕਮਾਦ:** ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਉ। ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿੱਚ ਭੇਜਣ ਲਈ) ਸ਼ੁਰੂ ਕਰ ਦਿਉ। ਕਟਾਈ ਖ਼ਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ।



**ਦਾਲਾਂ :** ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਆਉਣ ਵਾਲੇ ਦਿਨਾਂ ਵਿੱਚ ਖੁਸ਼ਕ ਅਤੇ ਠੰਡੇ ਮੌਸਮ ਕਰਕੇ ਸਮੇਂ ਸਿਰ ਬੀਜੀ ਛੋਲਿਆਂ ਦੀ ਫ਼ਸਲ ਨੂੰ ਜਰੂਰਤ ਮੁਤਾਬਿਕ ਸਿੰਜਾਈ ਕਰੋ।



**ਤੇਲ ਬੀਜ:** ਤੋਰੀਏ ਦੀ ਸਹੀ ਸੰਭਾਲ ਲਈ ਫਸਲ ਦੀ ਕਟਾਈ ਖ਼ਤਮ ਕਰ ਲੈਣੀ ਚਾਹੀਦੀ ਹੈ।

**ਹਰੇ ਚਾਰੇ:**



- **ਜਵੀ:** ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਲਈ ਇਸ ਮਹੀਨੇ ਅਗੇਤੀ ਬੀਜੀ ਜਵੀ ਨੂੰ ਕੱਟ ਲਵੋ। ਜੇਕਰ ਖੇਤ ਵਿੱਚ ਬੂਈਂ (ਪੋਆ ਘਾਹ) ਬਹੁਤ ਹੋਵੇ ਤਾਂ ਜਵੀ ਦੀਆਂ ਦੋ ਕਟਾਈਆਂ ਨਾ ਲਵੋ।
- **ਬਰਸੀਮ:** ਝੋਨੇ ਵਾਲੇ ਫਸਲੀ ਚੱਕਰ ਵਿਚ ਰੇਤਲੀਆਂ ਜ਼ਮੀਨਾਂ ਵਿਚ ਬੀਜੀ ਬਰਸੀਮ ਦੀ ਫਸਲ ਤੇ ਮੈਗਨੀਜ਼ ਦੀ ਘਾਟ ਆ ਸਕਦੀ ਹੈ। ਇਸ ਘਾਟ ਕਾਰਨ ਵਿਚਕਾਰਲੇ ਤਣੇ ਦੇ ਪੱਤਿਆਂ ਉਪਰ ਭੂਰੇ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਬਾਅਦ ਵਿਚ ਸੁੱਕ ਕੇ ਝੜ ਜਾਂਦੇ ਹਨ ਅਤੇ ਪੱਤਾ ਛਾਨਣੀ-2 ਹੋ ਜਾਂਦਾ ਹੈ। ਘਾਟ ਠੀਕ ਕਰਨ ਲਈ 0.5% ਮੈਗਨੀਜ਼ ਸਲਫੇਟ (1/2 ਕਿੱਲੋ ਮੈਗਨੀਜ਼ ਸਲਫੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਛਿੜਕਾਅ ਫਸਲ ਕੱਟਣ ਉਪਰੰਤ ਦੋ ਹਫਤੇ ਦੇ ਨਵੇਂ ਫੁਟਾਰੇ ਤੇ ਕਰੋ ਅਤੇ ਹਫਤੇ-2 ਬਾਅਦ 2-3 ਛਿੜਕਾਅ ਹੋਰ ਕਰੋ। ਜੇਕਰ ਬਰਸੀਮ ਵਿੱਚ ਤਣਾਂ ਗਲਣ ਦਾ ਰੋਗ ਹੋਵੇ ਤਾਂ ਫਸਲ ਕੱਟਣ ਪਿੱਛੋ ਖੇਤ ਨੂੰ ਧੁੱਪ ਲੱਗਣ ਦਿਓ ।

# ਸਬਜ਼ੀਆਂ



- ਇਸ ਸਮੇਂ ਦੌਰਾਨ ਖੁਸ਼ਕ ਅਤੇ ਠੰਡੇ ਮੌਸਮ ਦੀ ਸੰਭਾਵਨਾ ਕਰਕੇ ਫ਼ਸਲਾਂ ਨੂੰ ਲੋੜ ਅਨੁਸਾਰ ਸਿੰਚਾਈ ਕਰੋ।
- ਪਿਛੇਤੀ ਝੁਲਸ ਰੋਗ ਦੇ ਲੱਛਣਾਂ ਲਈ ਨਿਯਮਤ ਅੰਤਰਾਲ 'ਤੇ ਆਲੂ ਦੀ ਫਸਲ ਦੀ ਨਿਗਰਾਨੀ ਕਰੋ। ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਆਲੂਆਂ ਦੀ ਨਵੀਂ ਫ਼ਸਲ ਤੇ ਇੰਡੋਫਿਲ ਐਮ-45/ਮਾਸ ਐਮ-45/ਮਰਕਜ਼ੈਬ/ਕਵੱਚ/ਐਂਟਰਾਕੋਲ ਦਾ ਛਿੜਕਾਅ ਕਰੋ। ਜੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਰਿਡੋਮਿਲ ਗੋਲਡ ਜਾਂ ਕਰਜਟ ਐਮ 8 ਜਾਂ ਸੈਕਟਿਨ ਦਾ ਛਿੜਕਾਅ ਕਰੋ।
- ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਟਮਾਟਰ ਦੇ ਬੂਟਿਆਂ ਦੀ ਪਨੀਰੀ ਲੱਗਾ ਦਿਓ । ਪੌਦਿਆਂ ਨੂੰ ਠੰਡ ਤੋਂ ਬਚਾਉਣ ਲਈ ਸਰਕੰਡਾ ਜਾਂ ਪੋਲੀਥੀਨ ਸ਼ੀਟ ਦਿਓ। ਮਧਰੇ ਟਮਾਟਰ ਦੀਆਂ ਕਿਸਮਾਂ ਨੂੰ 35 x 25 ਸੈਂਟੀਮੀਟਰ ਆਕਾਰ ਦੇ 100-ਗੇਜ ਮੋਟੇ ਚਿੱਟੇ ਪਲਾਸਟਿਕ ਦੇ ਥੈਲਿਆਂ ਨਾਲ ਪੌਦਿਆਂ ਨੂੰ ਢੱਕ ਕੇ ਠੰਡ ਦੀ ਸੱਟ ਤੋਂ ਬਚਾਇਆ ਜਾ ਸਕਦਾ ਹੈ।

# ਬਾਗਬਾਨੀ



- ਨਵੰਬਰ ਮਹੀਨੇ ਠੰਡ ਵਿੱਚ ਕਾਫੀ ਵਾਧਾ ਲਗਾਤਾਰ ਹੁੰਦਾ ਹੈ ਅਤੇ ਇਸ ਸਮੇਂ ਸਦਾਬਹਾਰ ਫ਼ਲਦਾਰ ਬੂਟੇ ਜਿਵੇਂਕਿ ਅੰਬ, ਪਪੀਤਾ, ਅਮਰੂਦ, ਲੀਚੀ, ਨਿੰਬੂ ਜਾਤੀ ਦੇ ਬੂਟੇ, ਡਰੈਗਨ ਫ਼ਰੂਟ; ਖਾਸ ਕਰਕੇ ਨਵੇਂ ਲਾਏ ਬੂਟਿਆਂ ਨੂੰ ਠੰਡ ਤੋ ਬਚਾਉਣ ਦੀ ਉਪਰਾਲੇ ਸ਼ੁਰੂ ਕਰ ਦਿਉ।
- ਫ਼ਲਾਂ ਨਾਲ ਲੱਦੇ ਬਾਗਾਂ ਜਿਵੇਂਕਿ ਅਮਰੂਦ, ਬੇਰ,ਨਿੰਬੂ ਜਾਤੀ ਦੇ ਫ਼ਲ ਨੂੰ ਇਸ ਮਹੀਨੇ 1-2 ਪਾਣੀ ਜਰੂਰ ਦਿਉ।
- ਅਮਰੂਦ ਅਤੇ ਬੇਰਾਂ ਨੂੰ ਛੱਡ ਕੇ ਬਾਕੀ ਸਾਰੇ ਫ਼ਲਦਾਰ ਬੂਟਿਆਂ ਨੂੰ ਦੇਸੀ ਖਾਦਾਂ ਪਉਣ ਦਾ ਕੰਮ ਸ਼ੁਰੂ ਕਰ ਦਿਉ।
- ਅੰਬਾਂ ਵਿੱਚ ਮਿੱਲੀ ਬੱਗ ਨੂੰ ਬੂਟਿਆਂ ਤੇ ਚੜ੍ਹਨ ਤੋਂ ਰੋਕਣ ਲਈ ਇਨ੍ਹਾਂ ਦੇ ਤਣਿਆਂ ਦੁਆਲੇ ਇੱਕ ਮੀਟਰ ਦੀ ਉਚਾਈ ਤੇ ਤਿਲਕਵੀਂ ਪੱਟੀ ਲਗਾਉਣ ਲਈ ਉਪਰਾਲੇ ਸ਼ੁਰੂ ਕਰ ਦਿਉ।
- ਪੱਤਝੜੀ ਕਿਸਮਾਂ ਦੇ ਬਾਗ ਲਗਾਉਣ ਲਈ ਜ਼ਮੀਨ ਦੀ ਤਿਆਰੀ ਅਤੇ ਵਿਉਂਤਬੰਧੀ ਸ਼ੁਰੂ ਕੀਤੀ ਜਾ ਸਕਦੀ ਹੈ।

# ਪਸ਼ੂ ਪਾਲਣ



ਸਰਦੀਆਂ ਵਿਚ ਪਸ਼ੂਆਂ ਨੂੰ ਠੰਡੀ ਹਵਾ ਤੋਂ ਬਚਾਉਣਾ ਚਾਹੀਦਾ ਹੈ ਕਿਉਂਕਿ ਘੱਟ ਤਾਪਮਾਨ ਨਾ ਸਿਰਫ ਪਸ਼ੂਆਂ ਦੀ ਸਿਹਤ ਲਈ ਹਾਨੀਕਾਰਕ ਹੈ ਸਗੋਂ ਇਹ ਪਸ਼ੂ ਦੀ ਦੁੱਧ ਦੇਣ ਦੀ ਸਮਰੱਥਾ ਤੇ ਵੀ ਅਸਰ ਪਾਉਂਦਾ ਹੈ। ਸਰਦੀ ਵਿਚ ਪਸ਼ੂਆਂ ਨੂੰ ਧੁੱਪ ਦਾ ਆਨੰਦ ਲੈਣ ਦਿਉ ਅਤੇ ਦਿਨ ਵੇਲੇ ਢਾਰਿਆਂ ਦੀਆਂ ਖਿੜਕੀਆਂ ਖੋਲ ਦਿਉ ਤਾਂ ਜੋ ਸ਼ੈੱਡਾਂ ਵਿਚ ਜਿਆਦਾ ਨਮੀਂ ਨਾ ਇਕੱਠੀ ਹੋਵੇ। ਠੰਡ ਤੋਂ ਬਚਾਉ ਲਈ ਪਸ਼ੂਆਂ ਨੂੰ ਖੁਰਾਕ ਦੀ ਵੀ ਵੱਧ ਲੋੜ ਪੈਂਦੀ ਹੈ ਤਾਂ ਜੋ ਠੰਡ ਦਾ ਟਾਕਰਾ ਕੀਤਾ ਜਾ ਸਕੇ ਅਤੇ ਬਿਮਾਰੀ ਤੋਂ ਬਚਿਆ ਜਾਵੇ। ਸਰਦੀਆਂ ਵਾਲੀ ਵੰਡ ਵਿਚ ਜਿਆਦਾ ਤਾਕਤ ਵਾਲੇ ਖੁਰਾਕੀ ਪਦਾਰਥ ਜਿਵੇਂ ਕਿ ਦਾਣੇ ਦੀ ਵੱਧ ਤੋਂ ਵੱਧ ਵਰਤੋਂ ਕਰੋ।

ਛਾਪਕ : ਡਾ. ਤਰਸੇਮ ਸਿੰਘ ਢਿੱਲੋਂ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ।
ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ